PSEB/169/2022-RO ROPAR-APE OFFICE-PSEB

I/125930/2025

# ਪੰਜਾਬ ਸਕੂਲ ਸਿੱਖਿਆ ਬੋਰਡ

(ਐਫੀਲੀਏਸ਼ਨ ਸ਼ਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼

ਪੱਤਰ ਨੰ: (119861) ਪਸਸਬ-ਐਫੀ:2025/ 2973 ਮਿਤੀ: 01/09/25

ਵਿਸ਼ਾ:- ਅਕਾਦਮਿਕ ਸੈਸ਼ਨ 2025-26 ਦੇ ਦਾਖਲਾ ਖਾਰਜ ਰਜਿਸਟਰ ਨੂੰ ਸਬੰਧਤ ਖੇਤਰੀ ਦਫਤਰ ਤੋਂ ਪ੍ਰਤੀ-ਹਸਤਾਖਰ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸੈਸ਼ਨ 2025-26 ਲਈ ਦਫਤਰ ਵੱਲੋਂ ਸੰਸਥਾਵਾਂ ਨੂੰ ਵਿਦਿਆਰਥੀਆਂ ਦਾ ਦਾਖਲਾ ਕਰਨ ਦੀ ਅੰਤਿਮ ਮਿਤੀ 29-08-2025 ਨਿਰਧਾਰਤ ਕੀਤੀ ਗਈ ਸੀ। ਇਸ ਲਈ ਸੰਸਥਾਵਾਂ ਅਕਾਦਮਿਕ ਸੈਸ਼ਨ 2025-26 ਦਾ ਦਾਖਲਾ ਖਾਰਜ ਰਜਿਸਟਰ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਹੇਠ ਲਿਖੇ ਸ਼ਡਿਊਲ ਅਨੁਸਾਰ ਪ੍ਰਤੀ-ਹਸਤਾਖਰ ਕਰਵਾ ਸਕਦੀਆਂ ਹਨ:-

| ਲੜੀ ਨੰ: | ਫੀਸ | ਮਿਤੀ |
|---|---|---|
| 1 | ਬਿਨ੍ਹਾਂ ਫੀਸ | 01-09-2025 ਤੋਂ 30-09-2025 ਤੱਕ |
| 2 | 1,000/- ਰੁ: ਜੁਰਮਾਨਾ | 01-10-2025 ਤੋਂ 15-10-2025 ਤੱਕ |
| 3 | 3,000/-ਰੁ: ਜੁਰਮਾਨਾ | 16-10-2025 ਤੋਂ 31-10-2025 ਤੱਕ |

1. ਸਮੂਹ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਸੰਸਥਾ ਵਿੱਚ ਨਿਰਧਾਰਤ ਮਿਤੀਆਂ ਤੱਕ ਕੀਤੇ ਗਏ ਦਾਖਲਿਆਂ ਦਾ ਮੁਕੰਮਲ ਦਾਖਲਾ ਖਾਰਜ ਰਜਿਸਟਰ ਹਰ ਹਾਲਤ ਵਿੱਚ ਆਪਣੇ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਪ੍ਰਤੀ-ਹਸਤਾਖਰ ਕਰਵਾਉਣਾ ਯਕੀਨੀ ਬਣਾਉਣ।
2. ਇਸ ਨਿਰਧਾਰਤ ਮਿਤੀ ਤੱਕ ਜਿਹੜੀਆਂ ਸੰਸਥਾਵਾਂ ਆਪਣੇ ਦਾਖਲਾ ਖਾਰਜ ਰਜਿਸਟਰ ਨੂੰ ਜਿਲ੍ਹਾ ਮੈਨੇਜਰ ਤੋਂ ਪ੍ਰਤੀ-ਹਸਤਾਖਰ ਨਹੀਂ ਕਰਵਾਉਣਗੀਆਂ, ਉਨ੍ਹਾਂ ਸੰਸਥਾਵਾਂ ਦੇ ਅਕਾਦਮਿਕ ਸੈਸ਼ਨ 2025-26 ਦੌਰਾਨ ਬੋਰਡ ਦਫਤਰ ਵੱਲੋਂ ਲਈਆਂ ਜਾਣ ਵਾਲੀਆਂ ਸਲਾਨਾ ਪ੍ਰੀਖਿਆਵਾਂ ਦੇ ਰੋਲ ਨੰਬਰ ਰੋਕ ਲਏ ਜਾਣਗੇ ਅਤੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਬੈਠਣ ਨਹੀਂ ਦਿੱਤਾ ਜਾਵੇਗਾ, ਜਿਸ ਦੀ ਸਾਰੀ ਜਿੰਮੇਂਵਾਰੀ ਸੰਸਥਾ ਮੁੱਖੀਆਂ ਦੀ ਹੋਵੇਗੀ।
3. ਜਿਹੜੀਆਂ ਸੰਸਥਾਵਾਂ ਵੱਲੋਂ ਅਕਾਦਮਿਕ ਸੈਸ਼ਨ 2023-24 ਅਤੇ 2024-25 ਦੌਰਾਨ ਆਪਣੀ ਸੰਸਥਾ ਦੇ ਦਾਖਲਾ ਖਾਰਜ ਰਜਿਸਟਰ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਪ੍ਰਤੀ-ਹਸਤਾਖਰ ਨਹੀਂ ਕਰਵਾਏ ਗਏ, ਅਜਿਹੀਆਂ ਸੰਸਥਾਵਾਂ ਨੂੰ ਦਾਖਲਾ ਖਾਰਜ ਰਜਿਸਟਰ 9000+9000=18000/- ਰੁ: ਪ੍ਰਤੀ ਸੈਸ਼ਨ ਫੀਸ ਭਰ ਕੇ ਜਿਲ੍ਹਾ ਮੈਨੇਜਰ ਤੋਂ ਪ੍ਰਤੀ-ਹਸਤਾਖਰ ਕਰਵਾਉਣ ਲਈ ਅੰਤਿਮ ਮੌਕਾ ਦਿੱਤਾ ਜਾਂਦਾ ਹੈ। ਇਸ ਉਪਰੰਤ ਹੀ ਅਕਾਦਮਿਕ ਸੈਸ਼ਨ 2025-26 ਦਾ ਦਾਖਲਾ ਖਾਰਜ ਰਜਿਸਟਰ ਮੌਜੂਦਾ ਸ਼ਡਿਊਲ ਅਨੁਸਾਰ ਪ੍ਰਤੀ-ਹਸਤਾਖਰ ਕੀਤਾ ਜਾਵੇਗਾ।

ਨੋਟ: **ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਦਾਖਲਾ ਖਾਰਜ ਰਜਿਸਟਰ ਪ੍ਰਤੀ-ਹਸਤਾਖਰ ਕਰਵਾਉਣ ਲਈ ਨਿਸ਼ਚਿਤ ਕੀਤੀ ਮਿਤੀ 31-10-2025 ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ**